# ਆਰ.ਸੀ.ਈ.ਐਮ.ਅਪਰੋਚ

ਮਿਤੀ :– 04 – 04 – 2013

ਵਿਦਿਆਰਥੀ ਅਧਿਆਪਕ ਦਾ ਨਾ : – ਦਿਵਾਂਸ਼ੀ

ਜਮਾਤ :– ਛੇਵੀਂ

ਰੋਲ ਨੰ :– 2

ਵਿਸ਼ਾ :– ਪੰਜਾਬੀ

ਉਪ ਵਿਸ਼ਾ :–ਕਵਿਤਾ 'ਗੁਰੂ ਨਾਨਕ'

ਪੀਰਡ :– ਤੀਸਰਾ

ਸਮਾਂ :– 35 ਤੋਂ 40 ਮਿਨਟ

# 1. ਅਦਾ ਜਾਂ ਆਦਾਨ (Input)

## ੳ.ਸਿੱਖਣ ਬਿੰਦੂ :–

ਵਿਦਿਆਰਥੀ ਨੂੰ 'ਸ੍ਰੀ ਗੁਰੂ ਨਾਨਕ ਦੇਵ' ਜੀ ਦੇ ਜੀਵਨ ਬਾਰੇ ਜਾਣਕਾਰੀ ਦੇਣਾ ।

## ਅ.ਪਾਠ ਦਾ ਉਦੇਸ਼ :–

1. ਵਿਦਿਆਰਥੀਆਂ ਵਿੱਚ ਕਵਿਤਾ ਲਈ ਸਹਜ ਸੁਆਦ ਤੇ ਪਿਆਰ ਉਤਪੰਨ ਕਰਨਾ ।
2. ਉਨ੍ਹਾਂ ਦੀ ਸੋਚ ਤੇ ਕਲਪਨਾ ਸ਼ਕਤੀ ਨੂੰ ਤੇਜ਼ ਕਰਨਾ ।
3. ਉਨ੍ਹਾਂ ਵਿੱਚ ਲੈਅ , ਤਾਲ, ਮਧੁਰਤਾ ਤੇ ਭਾਵ ਅਨੁਸਾਰ ਕਵਿਤਾ ਪੜ੍ਹਨ ਦੀ ਸਮਰਥਾ ਉਤਪੰਨ ਕਰਨਾ ।
4. ਉਨ੍ਹਾਂ ਦੇ ਉੱਚਾਰਨ ਤੇ ਸ਼ਬਦ ਭੰਡਾਰ ਵਿੱਚ ਵਾਧਾ ਕਰਨਾ ।
5. ਕਵਿਤਾ ਦੇ ਕਾਵਿਕ ਗੁਣਾਂ, ਸ਼ਬਦ ਚੋਣ ਤੇ ਵਿਚਾਰ ਦੀ ਪਰਖ ਕਰਨਾ ।

## ਏ. ਸੰਭਾਵੀ ਵਿਵਹਾਰਿਕ ਪਰਿਣਾਮ/ਪਰਿਵਰਤਨ :–

1. ਵਿਦਿਆਰਥੀਆਂ ਨੂੰ ਸ੍ਰੀ ਗਰੂ ਨਾਨਕ ਦੇਵ ਜੀ ਬਾਰੇ ਗਿਆਨ ਹੋ ਜਾਣਗੇ ।
2. ਗੁਰੂ ਜੀ ਦੇ ਅਵਤਾਰ ਨਾਲ ਜੱਗ ਕਿਵੇਂ ਰੋਸ਼ਨ ਹੋਇਆ, ਬੱਚਿਆਂ ਨੂੰ ਇਸ ਦਾ ਬੋਧ ਹੋ ਜਾਵੇਗਾ ।
3. ਵਿਦਿਆਰਥੀ ਕਵਿਤਾ ਵਿੱਚ ਆਏ ਕਠਿਨ ਸ਼ਬਦਾਂ ਦੇ ਅਰਥ ਤੇ ਪ੍ਰਯੋਗ ਕਰਨਾ ਸਿੱਖ ਜਾਣਗੇ ।
4. ਉਹ ਕਵਿਤਾ 'ਗੁਰੂ ਨਾਨਕ' ਦਾ ਪ੍ਰਸੰਗ ਤੇ ਵਿਆਖਿਆ ਕਰਨ ਦੇ ਸਮਰਥ ਹੋ ਜਾਣਗੇ ।

## ਸ.ਸਹਾਇਕ ਸਮੱਗਰੀ :–

ਸਧਾਰਨ ਸਹਾਇਕ ਸਮੱਗਰੀ :– ਸ੍ਰੇਣੀ ਦਾ ਕਮਰਾ, ਚਾਕ, ਡਸਟਰ, ਬਲੈਕ ਬੋਰਡ, ਸੰਕੇਤਕ ਆਦਿ ।

ਵਿਸ਼ੇਸ਼ ਸਹਾਇਕ ਸਮੱਗਰੀ :– ਸ੍ਰੀ ਗੁਰੂ ਨਾਨਕ ਦੇਵ ਜੀ ਦਾ ਚਿੱਤਰ ।

# 2. ਪ੍ਰਕ੍ਰਿਆ (Process) :–

## ੳ. ਪ੍ਰੇਰਿਤ ਜਾਂ ਪ੍ਰੇਰਨਾ :–

ਵਿਦਿਆਰਥੀ ਅਧਿਠਾਪਕ, ਵਿਦਿਆਰਥੀਆਂ ਨੂੰ ਵਿਸ਼ੇ ਤੱਕ ਲਿਆਉਣ ਲਈ ਉਨ੍ਹਾਂ ਦੇ ਪੂਰਣ ਗਿਆਨ ਲੂੰ ਅਧਾਰ ਬਣਾਕੇ ਹੇਠ ਲਿਖੇ ਪ੍ਰਸ਼ਨ ਪੁੱਛੇਗਾ ।

ਪ੍ਰਸ਼ਨ :– ਤੁਸੀਂ ਕਿਸ ਰਾਜ ਵਿੱਚ ਰਹਿੰਦੇ ਹੋ ?

ਉੱਤਰ :– ਪੰਜਾਬ ਵਿੱਚ ।

ਪ੍ਰਸ਼ਨ :–ਪੰਜਾਬ ਵਿੱਚ ਕਿਹੜੇ – ਕਿਹੜੇ ਧਰਮਾਂ ਦੇ ਲੋਕ ਰਹਿੰਦੇ ਹਨ ?

ਉੱਤਰ :– ਹਿੰਦੂ, ਮੁਸਲਿਮ, ਸਿੱਖ, ਇਸਾਈ ਆਦਿ ।

ਪ੍ਰਸ਼ਨ :– ਸਿੱਖ ਧਰਮ ਦੇ ਬਾਣੀ ਕੋਣ ਸਨ ?

ਉੱਤਰ :– ਸ੍ਰੀ ਗੁਰੂ ਨਾਨਕ ਦੇਵ ਜੀ ।

ਪ੍ਰਸ਼ਨ :– ਇਹਨਾ ਦਾ ਜਨਮ ਕਿਸ ਸਦੀ ਵਿੱਚ ਹੋਇਆ ?

ਉੱਤਰ :– ਅਸ਼ੰਤੋਸ਼ਜਨਕ ਜਵਾਬ ।

## ਅ. :– ਵਿਸ਼ੇ ਦੀ ਘੋਸ਼ਨਾ :–

ਵਿਦਿਆਰਥੀਆਂ ਤੋਂ ਅੱਖਰੀ ਪ੍ਰਸ਼ਨ ਦਾ ਅਸੰਤੋਸ਼ਜਨਕ ਉੱਤਰ ਮਿਲਣ ਤੇ ਵਿਦਿਆਰਥੀ ਅਧਿਆਪਕ ਆਪਣੇ ਵਿਸ਼ੇ ਦੀ ਘੋਸ਼ਨਾਂ ਕਰਦਾ ਹੈ ਬੱਚਿਓ,ਅੱਜ ਅਸੀਂ ਪੰਜਾਬੀ ਦੇ ਪ੍ਰਸਿੱਧ ਕਵੀ ਸੁਖਰਾਜ ਸੰਧੂ ਦੀ ਲਿਖੀ ਕਵਿਤਾ 'ਗੁਰੂ ਨਾਨਕ' ਪੜਾਂਗੇਂ, ਤੁਹਾਡੀ ਪਾਠ ਪੁਸਤਕ ਦੇ ਪੰਨਾਂ ਨੰ: ੪੧ ਤੇ ਹੈ ।

## ਆਦਰਸ਼ ਵਾਚਨ

| ਵਿਸ਼ਾ ਵਸਤੂ | ਵਿਦਿਆਰਥੀ ਅਧਿਆਪਕ ਕ੍ਰਿਆਵਾਂ | ਵਿਦਿਆਰਥੀ ਕ੍ਰਿਆਵਾਂ | ਬਲੈਕ ਬੋਰਡ ਸਾਰ |
|---|---|---|---|
| ਕਵਿਤਾ<br>ਗੁਰੂ ਨਾਨਕ | ਵਿਦਿਆਰਥੀ ਅਧਿਆਪਕ ਕਵਿਤਾ ਦਾ ਸ਼ੁੱਧ ਤੇ ਸਪਸ਼ਟ ਉਚਾਰਨ ਵਿੱਚ ਲੈਅ ਤੇ ਭਾਵਾਂ ਅਨੁਸਾਰ ਸਾਰੀ ਕਵਿਤਾ ਦਾ ਪਾਠ ਕਰੇਗਾ<br>ਪੰਦਰਵੀਂ ਸਦੀ ਸੀ ਭਾਗਾਂ ਵਾਲੀ<br>ਗੁਰੂ ਨਾਨਕ.............................. | ਵਿਦਿਆਰਥੀ ਧਿਆਨ ਪੂਰਵਕ ਸੁਣਨਗੇ ਅਤੇ ਕਵਿਤਾ ਨੂੰ ਵੀ ਪੜਦੇ ਜਾਣਗੇ। | |

## ਅਨੁਕਰਨ ਵਾਚਨ

| ਵਿਸ਼ਾ ਵਸਤੂ | ਵਿਦਿਆਰਥੀ ਅਧਿਆਪਕ ਕ੍ਰਿਰਿਆਵਾਂ | ਵਿਦਿਆਰਥੀ ਕ੍ਰਿਆਵਾਂ | ਬਲੈਕ ਬੋਰਡ ਸਾਰ |
|---|---|---|---|
| ਕਵਿਤਾ<br>ਗੁਰੂ ਨਾਨਕ | ਅਧਿਆਪਕ ਆਦਰਸ਼ ਪਾਠ ਦੇ ਉਪਰੰਤ ਦੋ–ਤਿੰਨ ਵਿਦਿਆਰਥੀਆਂ ਤੋਂ ਅਨੁਕਰਨ ਵਾਚਨ ਕਰਵਾਏਗਾ । | ਵਿਦਿਆਰਥੀ ਅਧਿਆਪਕ ਦੇ ਨਿਰਦੇਸ਼ਨ ਹੇਠਾਂ ਅਨੁਕਰਨ ਪਾਠ ਕਰਨਗੇ । | |

## ਔਖੇ ਸ਼ਬਦਾਂ ਦਾ ਉਚਾਰਨ ਤੇ ਉਹਨਾਂ ਦੇ ਅਰਥ

| ਵਿਸ਼ਾ ਵਸਤੂ | ਵਿਦਿਆਰਥੀ ਅਧਿਆਪਕ ਕ੍ਰਿਰਿਆਵਾਂ | ਵਿਦਿਆਰਥੀ ਕ੍ਰਿਆਵਾਂ | ਬਲੈਕ ਬੋਰਡ ਸਾਰ |
|---|---|---|---|
| ਕਵਿਤਾ<br>ਗੁਰੂ ਨਾਨਕ | ਅਧਿਆਪਕ ਇਸ ਪੈਰੇ ਵਿੱਚ ਆਏ ਔਖੇ ਸ਼ਬਦਾਂ ਦਾ ਉਚਾਰਨ ਕਰੇਗਾ ਅਤੇ ਉਨ੍ਹਾਂ ਦੇ ਅਰਥ ਬਲੈਕ–ਬੋਰਡ ਤੇ ਲਿਖੇਗਾ । | ਵਿਦਿਆਰਥੀ ਇਨ੍ਹਾਂ ਸ਼ਬਦਾਂ ਦੇ ਉਚਾਰਨ ਅਭਿਆਸ ਕਰਨਗੇ ਅਤੇ ਉਨ੍ਹਾਂ ਦੇ ਅਰਥ ਆਣੀਆਂ ਕਾਪੀਆਂ ਤੇ ਨੋਟ ਕਰਨਗੇ। | ਸ਼ਬਦ — ਅਰਥ<br>ਸਦੀ — ਸੋ ਵਰ੍ਹਿਆਂ ਦ ਸਮਾਂ<br>ਭਾਗਾਂਵਾਲੀ — ਕਿਸਮਤ ਵਾਲੀ<br>ਅਵਤਾਰ ਧਾਰ ਕੇ — ਜਨਮ ਲੈ ਕੇ<br>ਪਾਂਧਾ — ਪੰਡਤ<br>ਪਾਲੀ — ਪਾਲਣ ਵਾਲਾ |

## ਦੋਬਾਰਾ ਆਦਰਸ਼ ਪਾਠ

| ਵਿਸ਼ਾ ਵਸਤੂ | ਵਿਦਿਆਰਥੀ ਅਧਿਆਪਕ ਕ੍ਰਿਆਿਵਾਂ | ਵਿਦਿਆਰਥੀ ਕ੍ਰਿਆਵਾਂ | ਬਲੈਕ ਬੋਰਡ ਸਾਰ |
|---|---|---|---|
| ਕਵਿਤਾ<br>ਗੁਰੂ ਨਾਨਕ | ਅਧਿਆਪਕ ਉਚਾਰਨ ਤੇਸ਼ਬਦਾਰਥ ਦੇ ਪਿੱਛੋਂ ਇਕ ਵਾਰ ਫਿਰ ਇਸ ਪੈਰੇ ਦਾ ਕਵਿਤਾ ਪਾਠ ਕਰੇਗਾ । | | |

## ਮੋਨ ਪਾਠ

| ਵਿਸ਼ਾ ਵਸਤੂ | ਵਿਦਿਆਰਥੀ ਅਧਿਆਪਕ ਕ੍ਰਿਆਿਵਾਂ | ਵਿਦਿਆਰਥੀ ਕ੍ਰਿਆਵਾਂ | ਬਲੈਕ ਬੋਰਡ ਸਾਰ |
|---|---|---|---|
| ਕਵਿਤਾ<br>ਗੁਰੂ ਨਾਨਕ | ਵਿਦਿਆਰਥੀ ਅਧਿਆਪਕ,ਵਿਦਿਆਰਥੀਆਂ ਨੂੰ ਮੋਨ ਕਰਵਾਇਗਾ । | ਵਿਦਿਆਰਥੀ ਬਿਨਾਂ ਬੁਲ੍ਹ ਹਿਲਾਏ ਮੋਨ ਪਾਠ ਕਰਨਗੇ । | |

# ਬੋਧ ਪ੍ਰਸ਼ਨ

| ਵਿਸ਼ਾ ਵਸਤੂ | ਵਿਦਿਆਰਥੀ ਅਧਿਆਪਕ ਕ੍ਰਿਰਿਆਵਾਂ | ਵਿਦਿਆਰਥੀ ਕ੍ਰਿਆਵਾਂ | ਬਲੈਕ ਬੋਰਡ ਸਾਰ |
|---|---|---|---|
| ਕਵਿਤਾ<br><br>ਗੁਰੂ ਨਾਨਕ | ਕਿਹੜੀ ਸਦੀ ਭਾਗਾਂ ਵਾਲੀ ਸੀ ?<br><br>ਤਲਵੰਡੀ ਵਿੱਚ ਕਿਸ ਦਾ ਅਵਤਾਰ ਹੋਇਆ ?<br><br>ਗੁਰੂ ਜੀ ਨੂੰ ਕਿਸ ਕੋਲ ਪੜਨ ਭੇਜਿਆ ?<br><br>ਗੁਰੂ ਜੀ ਕਿਸ ਦੇ ਪਾਲੀ ਬਣੇ ਸੀ ? | ਪੰਦਰਵੀਂ ਸਦੀ ਭਾਗਾਂ ਵਾਲੀ ਸੀ ।<br><br>ਗੁਰੂ ਨਾਨਕ ਦੇਵ ਦੀ ।<br><br>ਪਾਂਧੇ ਕੋਲ<br><br>ਮੱਝੀਆਂ ਦੇ | ਪੰਦਰਵੀਂ ਸਦੀ ।<br><br>ਗੁਰੂ ਨਾਨਕ ਦੇਵ ਜੀ ਦਾ ।<br><br>ਗੁਰੂ ਜੀ ਮੱਝੀਆਂ ਦੇ ਪਾਲੀ ਬਣੇ ਸੀ |

# ਸਪਸ਼ਟੀਕਰਨ

| ਵਿਸ਼ਾ ਵਸਤੂ | ਵਿਦਿਆਰਥੀ ਅਧਿਆਪਕ ਕ੍ਰਿਰਿਆਵਾਂ | ਵਿਦਿਆਰਥੀ ਕ੍ਰਿਆਵਾਂ | ਬਲੈਕ ਬੋਰਡ ਸਾਰ |
|---|---|---|---|
| ਕਵਿਤਾ<br><br>ਗੁਰੂ ਨਾਨਕ | ਥਵੀ ਨੇ ਪੰਦਰਵੀਂ ਸਦੀ ਨੂੰ ਭਾਗਾਂ ਵਾਲੀ ਕਿਹਾ ਹੈ ਕਿਉਂ ਕਿ ਇਸ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਵਤਾਰ ਲੈਕੇ ਸਾਰੇ ਜੱਗ ਨੂੰ ਰੋਸ਼ਨ ਕੀਤਾ । ਮਾਤਾ ਤ੍ਰਿਪਤਾ ਤੇ ਪਿਤਾ ਮਹਿਤਾ ਕਾਲੂ ਦੇ ਘਰ ਚੰਨ ਚੜ੍ਹ ਆਇਆ । ਗੁਰੂਜੀ ਪੜਨ ਗਏ ਤਾਂ ਉਨ੍ਹਾਂ ਨੇ ਪਾਂਧੇ ਨੂੰ ਪੜ੍ਹਾਂ ਦਿੱਤਾ । ਆਪ ਮੱਝੀਆਂ ਚਰਾਉਂਦੇ ਤੇ ਰਬੱ ਦਾ ਨਾਂ ਧਿਆਂਉਂਦੇ ।<br><br>ਟਾਪ ਦੇ ਪਿਤਾ ਜੀ ਨੇ ਆਪ ਨੂੰ ਵੀਹ ਰੁਪਏ ਦਿੱਛੇ ਸਨ,ਜਿਸ ਦਾ ਆਪ ਨੇ ਭੁੱਖੇ ਸਾਧੂਆਂ ਨੂੰ ਭੋਜਨ ਖੁਆ ਦਿੱਤਾ । ਜੋ ਇਹਨਾਂ ਸੱਚਾ ਸੋਦਾ ਅਖਵਾਇਆ । | | |

## ੲ. ਅਨੂ ਪ੍ਰਯੋਗ ਕਰਨਾ/ ਪ੍ਰਯੋਗ ਕਰਨਾ

ਗੁਰੂ ਨਾਨਕ ਦੇਵ ਜੀ ਦੀ ਮਾਤਾ ਦਾ ਨਾਂ _______ ਅਤੇ ਪਿਤਾ ਦਾ ਨਾਂ _______ ਸੀ । ਆਪ ਨੂੰ ਪੜ੍ਹਨ ਲਈ _______ਕੋਲ ਭੇਜਿਆ ਗਿਆ ।

# 3. ਨਿਕਾਸ (OUTPUT)

## ੳ. ਵਾਸਤਵਿਕ ਸਿੱਖਣ ਨਤੀਜੇ

1. ਗੁਰੂ ਨਾਨਕ ਦੇਵ ਜੀ ਦਾ ਜਨਮ ਕਿਸ ਸਦੀ ਵਿੱਚ ਹੋਇਆ ?

2. ਗੁਰੂ ਨਾਨਕ ਦੇਵ ਜੀ ਦੇ ਅਵਤਾਰ ਨਾਲ ਕਿਸ ਨੂੰ ਭਾਜੜ ਪੈ ਗਈ ?

3. 'ਸੱਚਾ ਸੋਦਾ' ਤੋਂ ਕੀ ਭਾਵ ਹੈ ?

## ਅ. ਘਰ ਦਾ ਕੰਮ :–

1. ਗੁਰੂ ਨਾਨਕ ਦੇਵ ਜੀ ਦਾ ਜਨਮ ਕਦੋਂ ਤੇ ਕਿੱਥੇ ਹੋਇਆ ?

2. ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀਹ ਰੁਪਈਆਂ ਦਾ ਰਾਸ਼ਨ ਲਿਆ ਕੇ ਕੀ ਕੀਤਾ ?

ਪ੍ਰਸਤੁਤਕਰਤਾ—

ਕ੍ਰਿਸ਼ਨਾ ਦੇਵੀ ਸ਼ਰਮਾ,

ਲੈਕਚਰਾਰ, ਪੰਜਾਬੀ

ਟੀ.ਡੀ.ਐਸ.,ਕਾਲਜ,

ਕਠੂਆ ।